# 5th Joint Meeting of the India-Japan Act East Forum

January 28, 2021

---

## ਭਾਰਤ-ਜਾਪਾਨ ਐਕਟ ਈਸਟ ਫੋਰਮ ਦੀ 5ਵੀਂ ਸਾਂਝੀ ਬੈਠਕ

28 ਜਨਵਰੀ, 2021

1. ਭਾਰਤ-ਜਾਪਾਨ ਐਕਟ ਈਸਟ ਫੋਰਮ (AEF) ਦੀ ਪੰਜਵੀਂ ਸਾਂਝੀ ਬੈਠਕ ਭਾਰਤ ਅਤੇ ਜਾਪਾਨ ਵੱਲੋਂ 28 ਜਨਵਰੀ, 2021 ਨੂੰ ਨਵੀਂ ਦਿੱਲੀ ਵਿਖੇ ਕਰਾਈ ਗਈ। ਇਸ ਬੈਠਕ ਦੀ ਸਹਿ-ਪ੍ਰਧਾਨਗੀ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰੀਂਗਲਾ ਅਤੇ  ਭਾਰਤ ਵਿੱਚ ਜਪਾਨੀ ਰਾਜਦੂਤ ਮਹਾਮਹਿਮ ਸ਼੍ਰੀ ਸੁਜ਼ੂਕੀ ਸਤੋਸ਼ੀ ਨੇ ਕੀਤੀ।

2. AEF ਦੀ ਬੈਠਕ ਦੌਰਾਨ ਭਾਰਤ ਦੇ ਉੱਤਰ-ਪੂਰਬੀ ਖੇਤਰ ਵਿੱਚ ਵੱਖ ਵੱਖ ਖੇਤਰਾਂ ਵਿੱਚ ਚੱਲ ਰਹੇ ਪ੍ਰਾਜੈਕਟਾਂ ਦੀ ਤਰੱਕੀ ਦੀ ਸਮੀਖਿਆ ਹੋਈ, ਜਿਨ੍ਹਾਂ ਵਿੱਚ ਸੰਪਰਕ, ਪਣ ਬਿਜਲੀ, ਟਿਕਾਊ ਵਿਕਾਸ, ਜਲ ਸਰੋਤਾਂ ਦੀ ਵਰਤੋਂ ਅਤੇ ਹੁਨਰ ਦਾ ਵਿਕਾਸ ਸ਼ਾਮਲ ਹਨ। ਉਨ੍ਹਾਂ ਨੇ ਭਾਰਤ-ਜਾਪਾਨ ਦੁਵੱਲੇ ਸਹਿਯੋਗ ਨਾਲ ਚੱਲ ਰਹੇ ਕਈ ਨਵੇਂ ਪ੍ਰਾਜੈਕਟਾਂ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ ਸਿਹਤ, ਖੇਤੀ ਅਧਾਰਤ ਉਦਯੋਗਾਂ ਅਤੇ SMEs, ਬਾਂਸ ਦੀ ਵੈਲਿਊ ਚੇਨ ਦੇ ਵਿਕਾਸ, ਸਮਾਰਟ ਸਿਟੀ, ਸੈਰ-ਸਪਾਟਾ ਅਤੇ ਲੋਕ ਪੱਧਰੀ ਵਟਾਂਦਰੇ ਵਰਗੇ ਨਵੇਂ ਖੇਤਰਾਂ ਵਿੱਚ ਭਾਈਵਾਲੀ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

3. ਵਿਦੇਸ਼ ਸਕੱਤਰ ਅਤੇ ਜਾਪਾਨੀ ਰਾਜਦੂਤ ਨੇ ਉੱਤਰ ਪੂਰਬੀ ਖੇਤਰ ਦੇ ਆਧੁਨਿਕੀਕਰਨ ਲਈ ਭਾਰਤ-ਜਾਪਾਨ ਦੁਵੱਲੇ ਸਹਿਯੋਗ ਨੂੰ ਸੁਚਾਰੂ ਬਣਾਉਣ ਵਿਚ ਸਾਲ 2017 ਅੰਦਰ AEF ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ। AEF ਭਾਰਤ ਦੀ "ਐਕਟ ਈਸਟ ਪਾਲਿਸੀ" ਅਤੇ ਜਪਾਨ ਦੇ "ਆਜ਼ਾਦ ਅਤੇ ਖੁੱਲ੍ਹਾ ਭਾਰਤ-ਪ੍ਰਸ਼ਾਂਤ ਖੇਤਰ" ਪ੍ਰਤੀ ਦ੍ਰਿਸ਼ਟੀਕੋਣ ਅਨੁਸਾਰ ਸਹਿਯੋਗ ਦਾ ਮੰਚ ਪ੍ਰਦਾਨ ਕਰਦਾ ਹੈ।

ਨਵੀਂ ਦਿੱਲੀ
28 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.